# ਪ੍ਰਧਾਨ ਮੰਤਰੀ ਦੀ ਫਰਾਂਸ ਦੀ ਸੈਨੇਟ ਦੇ ਪ੍ਰਧਾਨ ਨਾਲ ਮੁਲਾਕਾਤ

13 ਜੁਲਾਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 13 ਜੁਲਾਈ 2023 ਨੂੰ ਫ੍ਰੈਂਚ ਸੈਨੇਟ ਦੇ ਪ੍ਰਧਾਨ ਮਾਣਯੋਗ ਮਿਸਟਰ ਜੀਰਾਰਡ ਲਾਰਚਰ ਨਾਲ ਮੁਲਾਕਾਤ ਕੀਤੀ।

2. ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਫਰਾਂਸ ਸਾਂਝੇਦਾਰੀ ਦੀ ਬੁਨਿਆਦ ਨੂੰ ਬਣਾਉਣ ਵਾਲੇ 'ਲੋਕਤੰਤਰ, ਆਜ਼ਾਦੀ ਅਤੇ ਸਮਾਨਤਾ' ਦੇ ਸਾਡੇ ਸਾਂਝੇ ਮੁੱਲਾਂ ਦੀ ਮਹੱਤਤਾ ਦਾ ਉਲੇਖ ਕੀਤਾ।

3. ਵਿਚਾਰ-ਵਟਾਂਦਰੇ ਦਾ ਵਿਸ਼ਾ ਭਾਰਤ ਦੀਆਂ ਜੀ-20 ਤਰਜੀਹਾਂ, ਤਕਨਾਲੋਜੀ ਦੀ ਵਰਤੋਂ ਵਿੱਚ ਲੋਕਤਾਂਤਰਿਕ ਕਦਰਾਂ-ਕੀਮਤਾਂ ਅਤੇ ਦੋਵਾਂ ਉੱਚ ਸਦਨਾਂ ਵਿਚਕਾਰ ਸਹਿਯੋਗ ਵਰਗੇ ਕਈ ਖੇਤਰਾਂ 'ਤੇ ਕੇਂਦਰਿਤ ਸੀ। ਉਨ੍ਹਾਂ ਵੱਲੋਂ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

**ਨਵੀਂ ਦਿੱਲੀ**
**13 ਜੁਲਾਈ, 2023**